ਮਿੱਠੇ ਬੱਚੇ:- ਤੁਹਾਨੂੰ ਸ਼੍ਰੀਮਤ ਤੇ ਤ੍ਰਵਾਂ ਸਹਿਤ ਸਾਰੀ ਦੁਨੀਆਂ ਨੂੰ ਪਾਵਨ ਬਣਾਉਣ ਦੀ ਸੇਵਾ ਕਰਨੀ ਹੈ , ਸਭ ਨੂੰ ਸੁੱਖ ਅਤੇ ਸ਼ਾਂਤੀ ਦਾ ਰਸਤਾ ਦੱਸਣਾ ਹੈ "

ਪ੍ਰਸ਼ਨ:- ਤੁਸੀਂ ਬੱਚੇ ਆਪਣੀ ਦੇਹ ਨੂੰ ਵੀ ਭੁਲਣ ਦਾ ਪੁਰਸ਼ਾਰਥ ਕਰਦੇ ਹੋ ਇਸਲਈ ਤੁਹਾਨੂੰ ਕਿਸ ਚੀਜ਼ ਦੀ ਲੋੜ ਨਹੀਂ ਹੈ?

ਉੱਤਰ:- ਚਿੱਤਰਾਂ ਦੀ। ਜਦੋਂ ਇਹ ਚਿੱਤਰ (ਦੇਹ) ਹੀ ਭੁਲਾਉਣਾ ਹੈ ਤਾਂ ਉਨ੍ਹਾਂ ਚਿੱਤਰਾਂ ਦੀ ਕੀ ਲੋੜ ਹੈ। ਖ਼ੁਦ ਨੂੰ ਆਤਮਾ ਸਮਝ ਵਿਦੇਹੀ ਬਾਪ ਨੂੰ ਅਤੇ ਸਵੀਟ ਹੋਮ ਨੂੰ ਯਾਦ ਕਰੋ। ਇਹ ਚਿੱਤਰ ਤਾਂ ਹਨ ਛੋਟੇ ਬੱਚਿਆਂ ਦੇ ਲਈ ਮਤਲਬ ਨਵਿਆਂ ਦੇ ਲਈ। ਤੁਹਾਨੂੰ ਤਾਂ ਯਾਦ ਵਿੱਚ ਰਹਿਣਾ ਹੈ ਅਤੇ ਸਭ ਨੂੰ ਯਾਦ ਕਰਾਉਣਾ ਹੈ। ਧੰਧਾ ਆਦਿ ਕਰਦੇ ਸਤੋਪ੍ਰਧਾਨ ਬਣਨ ਦੇ ਲਈ ਯਾਦ ਵਿੱਚ ਹੀ ਰਹਿਣ ਦਾ ਅਭਿਆਸ ਕਰੋ।

ਗੀਤ:- ਤਕਦੀਰ ਜਗਾਕੇ ਆਈ ਹੂੰ...

ਓਮ ਸ਼ਾਂਤੀ। ਮਿੱਠੇ - ਮਿੱਠੇ ਬੱਚਿਆਂ ਨੇ ਇਹ ਅੱਖਰ ਸੁਣੇ ਅਤੇ ਫੌਰਨ ਖੁਸ਼ੀ ਵਿੱਚ ਰੋਮਾਂਚ ਖੜੇ ਹੋ ਗਏ ਹੋਣਗੇ। ਬੱਚੇ ਜਾਣਦੇ ਹਨ ਇੱਥੇ ਆਏ ਹਾਂ ਆਪਣੇ ਸੋਭਾਗ, ਸ੍ਵਰਗ ਦੀ ਤਕਦੀਰ ਲੈਣ। ਇਵੇਂ ਹੋਰ ਕਿੱਥੇ ਵੀ ਨਹੀਂ ਕਹਿਣਗੇ। ਤੁਸੀਂ ਜਾਣਦੇ ਹੋ ਅਸੀਂ ਬਾਪ ਤੋਂ ਸ੍ਵਰਗ ਦਾ ਵਰਸਾ ਲੈ ਰਹੇ ਹਾਂ ਮਤਲਬ ਸ੍ਵਰਗ ਬਣਾਉਣ ਦਾ ਪੁਰਸ਼ਾਰਥ ਕਰ ਰਹੇ ਹਾਂ। ਸਿਰਫ ਸ੍ਵਰਗਵਾਸੀ ਬਣਨ ਦਾ ਨਹੀਂ ਪਰ ਸ੍ਵਰਗ ਵਿੱਚ ਉੱਚ ਤੇ ਉੱਚ ਪਦਵੀ ਪਾਉਣ ਦਾ ਪੁਰਸ਼ਾਰਥ ਕਰ ਰਹੇ ਹਾਂ। ਸ੍ਵਰਗ ਦਾ ਸਾਕਸ਼ਾਤਕਰ ਕਰਾਉਣ ਵਾਲਾ ਬਾਪ ਸਾਨੂੰ ਪੜ੍ਹਾ ਰਿਹਾ ਹੈ। ਇਹ ਵੀ ਬੱਚਿਆਂ ਨੂੰ ਨਸ਼ਾ ਚੜ੍ਹਨਾ ਚਾਹੀਦਾ ਹੈ। ਭਗਤੀ ਹੁਣ ਖਤਮ ਹੋਣੀ ਹੈ। ਕਿਹਾ ਜਾਂਦਾ ਹੈ ਭਗਵਾਨ ਭਗਤਾਂ ਦਾ ਉਧਾਰ ਕਰਨ ਆਉਂਦੇ ਹਨ ਕਿਉਂਕਿ ਰਾਵਣ ਦੀਆਂ ਜ਼ੰਜੀਰਾਂ ਵਿੱਚ ਫਸੇ ਹੋਏ ਹਨ। ਕਈ ਮਨੁੱਖਾਂ ਦੀਆਂ ਕਈ ਮੱਤਾਂ ਹਨ। ਤੁਸੀਂ ਤਾਂ ਜਾਣ ਗਏ ਹੋ। ਸ੍ਰਿਸ਼ਟੀ ਦਾ ਚੱਕਰ ਇਹ ਅਨਾਦਿ ਖੇਡ ਬਣਿਆ ਹੋਇਆ ਹੈ। ਇਹ ਵੀ ਭਾਰਤਵਾਸੀ ਸਮਝਦੇ ਹਨ, ਬਰੋਬਰ ਅਸੀਂ ਪ੍ਰਾਚੀਨ ਨਵੀਂ ਦੁਨੀਆਂ ਦੇ ਵਾਸੀ ਸੀ, ਹੁਣ ਪੁਰਾਣੀ ਦੁਨੀਆਂ ਦੇ ਵਾਸੀ ਬਣ ਰਹੇ ਹਾਂ। ਬਾਪ ਨੇ ਸ੍ਵਰਗ ਨਵੀਂ ਦੁਨੀਆਂ ਬਣਾਈ, ਰਾਵਣ ਨੇ ਫਿਰ ਨਰਕ ਬਣਾਇਆ ਹੈ। ਬਾਪਦਾਦਾ ਦੀ ਮੱਤ ਤੇ ਤੁਸੀਂ ਹੁਣ ਆਪਣੇ ਲਈ ਨਵੀਂ ਦੁਨੀਆਂ ਬਣਾ ਰਹੇ ਹੋ। ਨਵੀਂ ਦੁਨੀਆਂ ਦੇ ਲਈ ਪੜ੍ਹ ਰਹੇ ਹੋ। ਕੌਣ ਪੜ੍ਹਾਉਂਦੇ ਹਨ? ਗਿਆਨ ਦਾ ਸਾਗਰ, ਪਤਿਤ - ਪਾਵਨ ਜਿਸ ਦੀ ਮਹਿਮਾ ਹੈ। ਇੱਕ ਦੇ ਸਿਵਾਏ ਹੋਰ ਕਿਸੇ ਦੀ ਮਹਿਮਾ ਨਹੀਂ ਗਾਈ ਜਾਂਦੀ ਹੈ। ਉਹ ਹੀ ਪਤਿਤ - ਪਾਵਨ ਹੈ। ਅਸੀਂ ਸਭ ਪਤਿਤ ਹਾਂ। ਪਾਵਨ ਦੁਨੀਆਂ ਦੀ ਯਾਦ ਕਿਸੇ ਨੂੰ ਨਹੀਂ ਹੈ। ਹੁਣ ਤੁਸੀਂ ਜਾਣਦੇ ਹੋ ਬਰੋਬਰ 5 ਹਜਾਰ ਵਰ੍ਹੇ ਪਹਿਲੇ ਪਾਵਨ ਦੁਨੀਆਂ ਸੀ। ਇਹ ਭਾਰਤ ਹੀ ਸੀ। ਬਾਕੀ ਸਭ ਧਰਮ ਸ਼ਾਂਤੀ ਵਿੱਚ ਸਨ। ਅਸੀਂ ਭਾਰਤਵਾਸੀ ਸੁਖਧਾਮ ਵਿੱਚ ਸੀ। ਮਨੁੱਖ ਸ਼ਾਂਤੀ ਚਾਹੁੰਦੇ ਹਨ ਪਰ ਇੱਥੇ ਤਾਂ ਕੋਈ ਸ਼ਾਂਤ ਰਹਿ ਨਾ ਸਕਣ। ਇਹ ਕੋਈ ਸ਼ਾਂਤੀਧਾਮ ਨਹੀਂ ਹੈ। ਸ਼ਾਂਤੀਧਾਮ ਹੈ ਨਿਰਾਕਾਰੀ ਦੁਨੀਆਂ, ਜਿੱਥੋਂ ਅਸੀਂ ਆਉਂਦੇ ਹਾਂ। ਬਾਕੀ ਸਤਿਯੁਗ ਹੈ ਸੁਖਧਾਮ, ਉਸ ਨੂੰ ਸ਼ਾਂਤੀਧਾਮ ਨਹੀਂ ਕਹਾਂਗੇ। ਉੱਥੇ ਤੁਸੀਂ ਪਵਿੱਤਰਤਾ - ਸੁੱਖ - ਸ਼ਾਂਤੀ ਵਿੱਚ ਰਹਿੰਦੇ ਹੋ। ਕੋਈ ਹੰਗਾਮਾ ਨਹੀਂ ਰਹਿੰਦਾ। ਘਰ ਵਿੱਚ ਬੱਚੇ ਝਗੜਾ ਆਦਿ ਕਰਦੇ ਹਨ ਤਾਂ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਸ਼ਾਂਤ ਰਹੋ। ਤਾਂ ਬਾਪ ਕਹਿੰਦੇ ਹਨ ਤੁਸੀਂ ਆਤਮਾਵਾਂ ਉਸ ਸ਼ਾਂਤੀ ਦੇਸ਼ ਦੀ ਸੀ। ਹੁਣ ਝਗੜਾਲੂ ਦੇਸ਼ ਵਿੱਚ ਆਕੇ ਬੈਠੇ ਹੋ। ਇਹ ਗੱਲ ਤੁਹਾਨੂੰ ਬੁੱਧੀ ਵਿੱਚ ਹੈ। ਤੁਸੀਂ ਬਾਪ ਦਵਾਰਾ ਫਿਰ ਤੋਂ ਉੱਚ ਤੇ ਉੱਚ ਪਦਵੀ ਪਾਉਣ ਦਾ ਪੁਰਸ਼ਾਰਥ ਕਰ ਰਹੇ ਹੋ। ਇਹ ਸਕੂਲ ਕੋਈ ਘੱਟ ਥੋੜੀ ਹੀ ਹੈ। ਗੌਡ ਫਾਦਰ ਦੀ ਯੂਨੀਵਰਸਿਟੀ ਹੈ। ਸਾਰੀ ਦੁਨੀਆਂ ਵਿੱਚ ਇਹ ਵੱਡੇ ਤੇ ਵੱਡੀ ਯੂਨੀਵਰਸਿਟੀ ਹੈ। ਇਸ ਵਿੱਚ ਸਭ ਬਾਪ ਤੋਂ ਸ਼ਾਂਤੀ ਅਤੇ ਸੁੱਖ ਦਾ ਵਰਸਾ ਪਾਉਂਦੇ ਹਨ। ਸਿਵਾਏ ਇੱਕ ਬਾਪ ਦੇ ਹੋਰ ਕੋਈ ਦੀ ਮਹਿਮਾ ਨਹੀਂ ਹੈ। ਬ੍ਰਹਮਾ ਦੀ ਮਹਿਮਾ ਥੋੜੀ ਹੀ ਹੈ। ਬਾਪ ਹੀ ਇਸ ਸਮੇਂ ਆਕੇ ਵਰਸਾ ਦਿੰਦੇ ਹਨ। ਫਿਰ ਤਾਂ ਸੁੱਖ ਹੀ ਸੁੱਖ ਹੈ। ਸੁੱਖ - ਸ਼ਾਂਤੀ ਦੇਣ ਵਾਲਾ ਇੱਕ ਬਾਪ ਹੈ। ਉਨ੍ਹਾਂ ਦੀ ਹੀ ਮਹਿਮਾ ਹੈ। ਸਤਿਯੁਗ - ਤ੍ਰੇਤਾ ਵਿੱਚ ਕਿਸੇ ਦੀ ਮਹਿਮਾ ਹੁੰਦੀ ਨਹੀਂ। ਉੱਥੇ ਤਾਂ ਰਾਜਧਾਨੀ ਚਲਦੀ ਰਹਿੰਦੀ ਹੈ। ਤੁਸੀਂ ਵਰਸਾ ਪਾ ਲੈਂਦੇ ਹੋ, ਬਾਕੀ ਸਭ ਸ਼ਾਂਤੀਧਾਮ ਵਿੱਚ ਰਹਿੰਦੇ ਹਨ। ਮਹਿਮਾ ਕਿਸੇ ਦੀ ਨਹੀਂ। ਭਾਵੇਂ ਕ੍ਰਾਈਸਟ ਧਰਮ ਸਥਾਪਨ ਕਰਦੇ ਹਨ, ਸੋ ਤਾਂ ਕਰਨਾ ਹੀ ਹੈ। ਧਰਮ ਸਥਾਪਨ ਕਰਦੇ ਹਨ ਫਿਰ ਵੀ ਥੱਲੇ ਉਤਰਦੇ ਜਾਂਦੇ ਹਨ। ਮਹਿਮਾ ਕੀ ਹੋਈ? ਮਹਿਮਾ ਸਿਰਫ ਇੱਕ ਦੀ ਹੀ ਹੈ, ਜਿਸ ਨੂੰ ਪਤਿਤ - ਪਾਵਨ ਲਿਬ੍ਰੇਟਰ ਕਹਿ ਬੁਲਾਉਂਦੇ ਹਨ। ਇਵੇਂ ਤਾਂ ਨਹੀਂ ਉਨ੍ਹਾਂ ਨੂੰ ਕਰਾਈਸਟ ਬੁੱਧ ਆਦਿ ਯਾਦ ਆਉਂਦਾ ਹੋਵੇਗਾ। ਯਾਦ ਫਿਰ ਵੀ ਇੱਕ ਨੂੰ ਕਰਦੇ ਹਨ ਓ ਗਾਡ ਫਾਦਰ। ਸਤਿਯੁਗ ਵਿੱਚ ਤਾਂ ਕਿਸੇ ਦੀ ਮਹਿਮਾ ਹੁੰਦੀ ਨਹੀਂ। ਪਿੱਛੇ ਇਹ ਧਰਮ ਸ਼ੁਰੂ ਹੁੰਦਾ ਹੈ ਤਾਂ ਬਾਪ ਦੀ ਮਹਿਮਾ ਗਾਉਂਦੇ ਹਨ ਅਤੇ ਭਗਤੀ ਸ਼ੁਰੂ ਹੁੰਦੀ ਹੈ। ਡਰਾਮਾ ਕਿਵੇਂ ਬਣਿਆ ਹੋਇਆ ਹੈ। ਕਿਵੇਂ ਚੱਕਰ ਫਿਰਦਾ ਹੈ ਤਾਂ ਜੋ ਬਾਪ ਦੇ ਬੱਚੇ ਬਣੇ ਹਨ, ਉਹ ਹੀ ਜਾਣਦੇ ਹਨ। ਬਾਪ ਹੈ ਰਚਤਾ। ਨਵੀਂ ਸ੍ਰਿਸ਼ਟੀ ਰਚਦੇ ਹਨ ਸ੍ਵਰਗ। ਪਰ ਸਭ ਤਾਂ ਸ੍ਵਰਗ ਵਿੱਚ ਨਹੀਂ ਆ ਸਕਦੇ। ਡਰਾਮਾ ਦੇ ਰਾਜ ਨੂੰ ਵੀ ਸਮਝਣਾ ਹੈ। ਬਾਪ ਤੋਂ ਸੁੱਖ ਦਾ ਵਰਸਾ ਮਿਲਦਾ ਹੈ। ਇਸ ਸਮੇਂ ਸਭ ਦੁਖੀ ਹਨ। ਸਭ ਨੂੰ ਵਾਪਿਸ ਜਾਣਾ ਹੈ ਫਿਰ ਆਉਣਗੇ ਸੁੱਖ ਵਿੱਚ। ਤੁਸੀਂ ਬੱਚਿਆਂ ਨੂੰ ਬਹੁਤ ਚੰਗਾ ਪਾਰ੍ਟ ਮਿਲਿਆ ਹੋਇਆ ਹੈ। ਜਿਸ ਬਾਪ ਦੀ ਇੰਨੀ ਮਹਿਮਾ ਹੈ ਉਹ ਹੁਣ ਆਕੇ ਸਮੁੱਖ ਬੈਠੇ ਹੋਏ ਹਨ ਅਤੇ ਬੱਚਿਆਂ ਨੂੰ ਸਮਝਾਉਂਦੇ ਹਨ। ਸਭ ਬੱਚੇ ਹਨ ਨਾ। ਬਾਪ ਤਾਂ ਐਵਰ ਹੈਪੀ ਹੈ। ਅਸਲ ਵਿੱਚ ਬਾਪ ਦੇ ਲਈ ਇਹ ਨਹੀਂ ਕਹਿ ਸਕਦੇ। ਜੇ ਉਹ ਹੈਪੀ ਬਣੇ ਤਾਂ ਅਨਹੈਪੀ ਵੀ ਬਣਨਾ ਪਵੇ। ਬਾਬਾ ਤਾਂ ਇਨ੍ਹਾਂ ਸਭ ਤੋਂ ਨਿਆਰਾ ਸਾਗਰ ਹੈ, ਤੁਸੀਂ ਵੀ ਹੋ। ਤੁਹਾਡੀ ਬੁੱਧੀ ਵਿੱਚ ਸ੍ਰਿਸ਼ਟੀ ਚੱਕਰ ਦਾ ਗਿਆਨ ਹੈ। ਜਾਣਦੇ ਹੋ ਬਾਪ ਸੁੱਖ ਦਾ ਸਾਗਰ ਹੈ, ਉਨ੍ਹਾਂ ਤੋਂ

ਅਥਾਹ ਸੁੱਖ ਮਿਲਦੇ ਹਨ। ਇਸ ਸਮੇਂ ਤੁਸੀਂ ਬਾਪ ਤੋਂ ਵਰਸਾ ਲੈ ਰਹੇ ਹੋ। ਬਾਪ ਬੱਚਿਆਂ ਨੂੰ ਹੁਣ ਸ਼੍ਰੇਸ਼ਠ ਕਰਮ ਸਿਖਾ ਰਹੇ ਹਨ। ਜਿਵੇਂ ਇਹ ਲਕਸ਼ਮੀ - ਨਾਰਾਇਣ ਹੈ, ਇਨ੍ਹਾਂ ਨੇ ਜਰੂਰ ਅੱਗੇ ਜਨਮ ਵਿੱਚ ਚੰਗੇ ਕਰਮ ਕੀਤੇ ਹਨ ਜੋ ਇਹ ਪਦਵੀ ਪਾਈ ਹੈ। ਦੁਨੀਆਂ ਵਿੱਚ ਇਹ ਕੋਈ ਸਮਝਦੇ ਨਹੀਂ ਕਿ ਇਨ੍ਹਾਂ ਨੇ ਰਾਜ ਕਿਵੇਂ ਪਾਇਆ?

ਬਾਪ ਕਹਿੰਦੇ ਹਨ ਤੁਸੀਂ ਬੱਚੇ ਹੁਣ ਇਹ ਬਣ ਰਹੇ ਹੋ। ਤੁਹਾਨੂੰ ਬੁੱਧੀ ਵਿੱਚ ਇਹ ਆਉਂਦਾ ਹੈ ਅਸੀਂ ਇਹ ਸੀ ਫਿਰ ਇਹ ਬਣਦੇ ਹਾਂ। ਬਾਪ ਬੈਠ ਕਰਮ - ਅਕਰਮ - ਵਿਕਰਮ ਦੀ ਗਤੀ ਸਮਝਾਉਂਦੇ ਹਨ ਜਿਸ ਤੋਂ ਅਸੀਂ ਇਹ ਬਣਦੇ ਹਾਂ। ਸ਼੍ਰੀਮਤ ਦਿੰਦੇ ਹਨ ਤਾਂ ਸ਼੍ਰੀਮਤ ਜਾਣਨੀ ਚਾਹੀਦੀ ਹੈ ਨਾ। ਸ਼੍ਰੀਮਤ ਨਾਲ ਸਾਰੀ ਦੁਨੀਆਂ ਤੁਵਾਂ ਆਦਿ ਸਭ ਨੂੰ ਸ਼੍ਰੇਸ਼ਠ ਬਣਾਉਂਦੇ ਹਨ। ਸਤਿਯੁਗ ਵਿੱਚ ਸਭ ਸ਼੍ਰੇਸ਼ਠ ਸੀ। ਉੱਥੇ ਕੁਝ ਹੰਗਾਮਾ ਜਾਂ ਤੂਫ਼ਾਨ ਆਦਿ ਹੁੰਦੇ ਨਹੀਂ। ਨਾ ਜਾਸਤੀ ਠੰਡੀ, ਨਾ ਗਰਮੀ। ਸਦਾ ਬਹਾਰੀ ਮੌਸਮ ਰਹਿੰਦਾ ਹੈ। ਉੱਥੇ ਤੁਸੀਂ ਕਿੰਨਾ ਸੁਖੀ ਰਹਿੰਦੇ ਹੋ। ਉਹ ਲੋਕ ਗਾਉਂਦੇ ਵੀ ਹਨ ਖ਼ੁਦਾ ਬਹਿਸ਼ਤ ਅਥਵਾ ਹੈਵਿਨ ਸਥਾਪਨ ਕਰਦੇ ਹਨ। ਤਾਂ ਉਸ ਵਿੱਚ ਉੱਚ ਪਦਵੀ ਪਾਉਣ ਦਾ ਪੁਰਸ਼ਾਰਥ ਕਰਨਾ ਚਾਹੀਦਾ ਹੈ। ਹਮੇਸ਼ਾ ਗਾਇਆ ਜਾਂਦਾ ਹੈ ਫਾਲੋ ਮਦਰ ਫਾਦਰ। ਬਾਪ ਨੂੰ ਯਾਦ ਕਰਨ ਨਾਲ ਵਿਕਰਮ ਵਿਨਾਸ਼ ਹੋਣਗੇ। ਅਤੇ ਫਿਰ ਫਾਦਰ ਦੇ ਨਾਲ ਅਸੀਂ ਆਤਮਾਵਾਂ ਇਕਠੀਆਂ ਜਾਵਾਂਗੀਆਂ। ਸ਼੍ਰੀਮਤ ਤੇ ਚੱਲਕੇ ਹਰ ਇੱਕ ਨੂੰ ਰਸਤਾ ਦੱਸਣਾ ਹੈ।

ਬੇਹੱਦ ਦਾ ਬਾਪ ਹੈ ਸ੍ਵਰਗ ਦਾ ਰਚਤਾ। ਹੁਣ ਤੇ ਹੇਲ ਹੈ। ਜਰੂਰ ਹੇਲ ਵਿੱਚ ਹੈਵਨ ਦਾ ਵਰਸਾ ਦਿੱਤਾ ਹੋਵੇਗਾ। ਹੁਣ 84 ਜਨਮ ਪੂਰੇ ਹੁੰਦੇ ਹਨ ਫਿਰ ਸਾਨੂੰ ਪਹਿਲਾ ਜਨਮ ਸ੍ਵਰਗ ਵਿੱਚ ਲੈਣਾ ਹੈ। ਤੁਹਾਡੀ ਐਮ ਆਬਜੈਕਟ ਸਾਹਮਣੇ ਖੜੀ ਹੈ। ਇਹ ਬਣਨ ਦਾ ਹੈ। ਅਸੀਂ ਤਾਂ ਲਕਸ਼ਮੀ - ਨਾਰਾਇਣ ਬਣਦੇ ਹਾਂ, ਅਸਲ ਵਿੱਚ ਇਨ੍ਹਾਂ ਚਿੱਤਰਾਂ ਦੀ ਲੋੜ ਨਹੀਂ ਹੈ। ਜੋ ਕੱਚੇ ਹਨ, ਘੜੀ - ਘੜੀ ਭੁੱਲ ਜਾਂਦੇ ਹਨ, ਇਸਲਈ ਚਿੱਤਰ ਰੱਖੇ ਜਾਂਦੇ ਹਨ। ਕੋਈ ਕ੍ਰਿਸ਼ਨ ਦਾ ਚਿੱਤਰ ਰੱਖਦੇ ਹਨ। ਕ੍ਰਿਸ਼ਨ ਨੂੰ ਵੇਖੇ ਬਗੈਰ ਯਾਦ ਨਹੀਂ ਕਰ ਸਕਦੇ। ਸਭ ਦੀ ਬੁੱਧੀ ਵਿੱਚ ਚਿੱਤਰ ਤਾਂ ਰਹਿੰਦਾ ਹੈ। ਤੁਹਾਨੂੰ ਕੋਈ ਚਿੱਤਰ ਲਗਾਉਣ ਦੀ ਲੋੜ ਨਹੀਂ ਹੈ। ਤੁਸੀਂ ਆਪਣੇ ਨੂੰ ਆਤਮਾ ਸਮਝਦੇ ਹੋ, ਤੁਹਾਨੂੰ ਆਪਣਾ ਚਿੱਤਰ ਵੀ ਭੁਲਣਾ ਹੈ। ਦੇਹ ਸਹਿਤ ਸਭ ਸੰਬੰਧ ਭੁੱਲ ਜਾਣੇ ਹਨ। ਬਾਪ ਕਹਿੰਦੇ ਹਨ ਤੁਸੀਂ ਹੋ ਆਸ਼ਿਕ, ਇਕ ਮਾਸ਼ੂਕ ਦੇ। ਮਾਸ਼ੂਕ ਬਾਪ ਕਹਿੰਦੇ ਹਨ ਮੈਨੂੰ ਯਾਦ ਕਰਦੇ ਰਹੋ ਤਾਂ ਵਿਕਰਮ ਵਿਨਾਸ਼ ਹੋ ਜਾਣ। ਅਜਿਹੀ ਅਵਸਥਾ ਰਹੇ ਜੋ ਸ਼ਰੀਰ ਜਿਸ ਸਮੇਂ ਛੁੱਟੇ ਤਾਂ ਸਮਝਣ ਅਸੀਂ ਇਸ ਪੁਰਾਣੀ ਦੁਨੀਆਂ ਨੂੰ ਛੱਡ ਹੁਣ ਬਾਪ ਦੇ ਕੋਲ ਜਾਂਦੇ ਹਾਂ। 84 ਜਨਮ ਪੂਰੇ ਹੋਏ ਹੁਣ ਜਾਣਾ ਹੈ। ਬਾਬਾ ਨੇ ਫਰਮਾਨ ਕੀਤਾ ਹੈ ਮੈਨੂੰ ਯਾਦ ਕਰੋ। ਬਸ ਬਾਪ ਅਤੇ ਸਵੀਟ ਹੋਮ ਨੂੰ ਯਾਦ ਕਰੋ। ਬੁੱਧੀ ਵਿੱਚ ਹੈ ਕਿ ਮੈਂ ਆਤਮਾ ਬਗੈਰ ਸ਼ਰੀਰ ਸੀ ਫਿਰ ਇੱਥੇ ਪਾਰ੍ਟ ਵਜਾਉਣ ਦੇ ਲਈ ਸ਼ਰੀਰ ਧਾਰਨ ਕੀਤਾ ਹੈ। ਪਾਰ੍ਟ ਵਜਾਉਂਦੇ - ਵਜਾਉਂਦੇ ਪਤਿਤ ਬਣ ਪਏ ਹਨ। ਇਹ ਸ਼ਰੀਰ ਤਾਂ ਹੈ ਪੁਰਾਣੀ ਜੁੱਤੀ। ਆਤਮਾ ਪਵਿੱਤਰ ਹੋ ਰਹੀ ਹੈ। ਸ਼ਰੀਰ ਪਵਿੱਤਰ ਤਾਂ ਇੱਥੇ ਮਿਲ ਨਾ ਸਕੇ। ਹੁਣ ਅਸੀਂ ਆਤਮਾ ਜਾਵਾਂਗੇ ਵਾਪਿਸ ਘਰ। ਪਹਿਲੇ ਪ੍ਰਿੰਸ - ਪ੍ਰਿੰਸੇਜ ਬਣਾਂਗੇ ਫਿਰ ਸਵੰਬਰ ਬਾਦ ਲਕਸ਼ਮੀ - ਨਾਰਾਇਣ ਬਣਾਂਗੇ। ਮਨੁੱਖਾਂ ਨੂੰ ਇਹ ਪਤਾ ਨਹੀਂ ਹੈ ਕਿ ਰਾਧੇ - ਕ੍ਰਿਸ਼ਨ ਕੌਣ ਹਨ? ਦੋਨੋਂ ਵੱਖ - ਵੱਖ ਰਾਜਧਾਨੀ ਦੇ ਸੀ ਫਿਰ ਉਨ੍ਹਾਂ ਦਾ ਸਵੰਬਰ ਹੁੰਦਾ ਹੈ। ਤੁਸੀਂ ਬੱਚਿਆਂ ਨੇ ਧਿਆਨ ਵਿੱਚ ਖ਼ੁਦ ਵੇਖਿਆ ਹੈ। ਸ਼ੁਰੂ ਵਿੱਚ ਬਹੁਤ ਸਾਕਸ਼ਾਤਕਾਰ ਹੁੰਦੇ ਸੀ ਕਿਓਂਕਿ ਪਾਕਿਸਤਾਨ ਵਿੱਚ ਤੁਹਾਨੂੰ ਖੁਸ਼ੀ ਵਿੱਚ ਰੱਖਣ ਦੇ ਲਈ ਹੀ ਸਭ ਪਾਰ੍ਟ ਚਲਦੇ ਸਨ। ਪਿਛਾੜੀ ਵਿੱਚ ਤਾਂ ਹੈ ਹੀ ਮਾਰਾਮਾਰੀ। ਅਰਥਕਵੇਕ ਆਦਿ ਬਹੁਤ ਹੋਣਗੀਆਂ। ਤੁਹਾਨੂੰ ਸਾਕਸ਼ਾਤਕਾਰ ਹੁੰਦੇ ਰਹਿਣਗੇ। ਹਰ ਇੱਕ ਨੂੰ ਪਤਾ ਪੈ ਜਾਵੇਗਾ ਅਸੀਂ ਕਿਹੜੀ ਪਦਵੀ ਪਾਵਾਂਗੇ। ਫਿਰ ਜੋ ਘੱਟ ਪੜ੍ਹੇ ਹੋਏ ਹੋਣਗੇ ਉਹ ਬਹੁਤ ਪਛਤਾਉਣਗੇ। ਬਾਪ ਕਹਿਣਗੇ ਤੁਸੀਂ ਨਹੀਂ ਪੜ੍ਹੇ, ਨਾ ਹੋਰਾਂ ਨੂੰ ਪੜ੍ਹਾਇਆ, ਨਾ ਯਾਦ ਵਿੱਚ ਰਹਿੰਦੇ ਸੀ। ਯਾਦ ਨਾਲ ਹੀ ਸਤੋਪ੍ਰਧਾਨ ਬਣ ਸਕਦੇ ਹੋ। ਪਤਿਤ - ਪਾਵਨ ਤਾਂ ਬਾਪ ਹੀ ਹੈ। ਉਹ ਕਹਿੰਦੇ ਹਨ ਮਾਮੇਕਮ ਯਾਦ ਕਰੋ ਤਾਂ ਤੁਹਾਡੀ ਖਾਦ ਨਿਕਲ ਜਾਵੇਗੀ। ਪੁਰਸ਼ਾਰਥ ਕਰਨਾ ਹੈ - ਯਾਦ ਦੀ ਯਾਤਰਾ ਦਾ। ਧੰਧਾ ਆਦਿ ਭਾਵੇਂ ਕਰੋ। ਕਰਮ ਤਾਂ ਕਰਨਾ ਹੀ ਹੈ ਨਾ। ਪਰ ਬੁੱਧੀ ਦਾ ਯੋਗ ਉੱਥੇ ਰਹੇ। ਤਮੋਪ੍ਰਧਾਨ ਤੋਂ ਸਤੋਪ੍ਰਧਾਨ ਇੱਥੇ ਬਣਨਾ ਹੈ। ਗ੍ਰਿਹਸਥ ਵਿਵਹਾਰ ਵਿੱਚ ਰਹਿੰਦੇ ਹੋਏ ਤੁਸੀਂ ਮੈਨੂੰ ਯਾਦ ਕਰੋ ਤਾਂ ਹੀ ਤੁਸੀਂ ਨਵੀਂ ਦੁਨੀਆਂ ਦੇ ਮਾਲਿਕ ਬਣੋਗੇ। ਬਾਪ ਹੋਰ ਕੋਈ ਤਕਲੀਫ ਨਹੀਂ ਦਿੰਦੇ ਹਨ। ਤੁਹਾਨੂੰ ਬਹੁਤ ਸਹਿਜ ਉਪਾਏ ਦੱਸਦੇ ਹਨ। ਸੁੱਖਧਾਮ ਦਾ ਮਾਲਿਕ ਬਣਨ ਲਈ ਮਾਮੇਕਮ ਯਾਦ ਕਰੋ। ਹੁਣ ਤੁਸੀਂ ਯਾਦ ਕਰੋ - ਬਾਬਾ ਵੀ ਸਟਾਰ ਹੈ। ਮਨੁੱਖ ਤਾਂ ਸਮਝਦੇ ਹਨ ਉਹ ਸਰਵਸ਼ਕਤੀਮਾਨ ਹੈ, ਬਹੁਤ ਤੇਜਵਾਨ ਹੈ। ਬਾਪ ਕਹਿੰਦੇ ਹਨ ਮਨੁੱਖ ਸ੍ਰਿਸ਼ਟੀ ਦਾ ਚੇਤੰਨ ਬੀਜਰੂਪ ਹਾਂ। ਬੀਜ ਹੋਣ ਦੇ ਕਾਰਨ ਸ੍ਰਿਸ਼ਟੀ ਦੇ ਆਦਿ ਮੱਧ - ਅੰਤ ਨੂੰ ਜਾਣਦਾ ਹਾਂ। ਤੁਸੀਂ ਤਾਂ ਬੀਜ ਨਹੀਂ ਹੋ, ਮੈਂ ਬੀਜ ਹਾਂ ਇਸਲਈ ਮੈਨੂੰ ਗਿਆਨ ਸਾਗਰ ਕਹਿੰਦੇ ਹਨ। ਮਨੁੱਖ ਸ੍ਰਿਸ਼ਟੀ ਦਾ ਚੇਤੰਨ ਬੀਜ ਹੈ ਉਨ੍ਹਾਂ ਨੂੰ ਜਰੂਰ ਪਤਾ ਹੋਵੇਗਾ ਕਿ ਇਹ ਸ੍ਰਿਸ਼ਟੀ ਚੱਕਰ ਕਿਵੇਂ ਫਿਰਦਾ ਹੈ। ਰਿਸ਼ੀ - ਮੁਨੀ ਕੋਈ ਰਚਤਾ ਅਤੇ ਰਚਨਾ ਦੇ ਆਦਿ - ਮੱਧ - ਅੰਤ ਨੂੰ ਨਹੀਂ ਜਾਣਦੇ। ਬੱਚੇ ਜੇਕਰ ਜਾਣਦੇ ਤਾਂ ਉਨ੍ਹਾਂ ਦੇ ਕੋਲ ਜਾਣ ਵਿੱਚ ਦੇਰੀ ਨਹੀਂ ਲਗਦੀ। ਪਰ ਬਾਪ ਦੇ ਕੋਲ ਜਾਣ ਦਾ ਰਸਤਾ ਕੋਈ ਵੀ ਨਹੀਂ ਜਾਣਦੇ। ਪਾਵਨ ਦੁਨੀਆਂ ਵਿੱਚ ਪਤਿਤ ਜਾ ਹੀ ਕਿਵੇਂ ਸਕਦੇ ਇਸਲਈ ਬਾਪ ਕਹਿੰਦੇ ਹਨ ਕਾਮ ਮਹਾਸ਼ਤਰੂ ਤੇ ਜਿੱਤ ਪਾਓ। ਇਹ ਹੀ ਤੁਹਾਨੂੰ ਆਦਿ - ਮੱਧ - ਅੰਤ ਦੁੱਖ ਦਿੰਦੇ ਹਨ। ਤੁਸੀਂ ਬੱਚਿਆਂ ਨੂੰ ਕਿੰਨਾ ਚੰਗੀ ਰੀਤੀ ਸਮਝਾਉਂਦੇ ਹਨ। ਕੋਈ ਤਕਲੀਫ ਨਹੀਂ। ਸਿਰਫ ਬਾਪ ਅਤੇ ਵਰਸੇ ਨੂੰ ਯਾਦ ਕਰਨਾ ਹੈ। ਬਾਪ ਦੀ ਯਾਦ ਮਤਲਬ ਯੋਗ ਨਾਲ ਪਾਪ ਭਸਮ ਹੋਣਗੇ। ਸੈਕਿੰਡ ਵਿੱਚ ਬਾਪ ਤੋਂ ਹੀ ਬਾਦਸ਼ਾਹੀ ਮਿਲਦੀ ਹੈ। ਬੱਚੇ ਭਾਵੇਂ ਸਵਰਗ ਵਿੱਚ ਤਾਂ ਆਉਣਗੇ ਪਰ ਸ੍ਵਰਗ ਵਿੱਚ ਵੀ ਉੱਚ ਪਦਵੀ ਪਾਉਣਾ ਉਸ ਦਾ ਪੁਰਸ਼ਾਰਥ ਕਰਨਾ ਹੈ। ਸ੍ਵਰਗ ਵਿੱਚ ਤਾਂ ਜਾਣਾ ਹੀ ਹੈ। ਥੋੜਾ ਵੀ ਸੁਣਨ ਨਾਲ ਸਮਝ ਜਾਣਗੇ ਬਾਪ ਆਇਆ ਹੈ। ਹੁਣ ਵੀ ਕਹਿੰਦੇ ਹਨ ਇਹ ਉਹ ਹੀ ਮਹਾਭਾਰਤ ਲੜਾਈ ਹੈ। ਜਰੂਰ ਬਾਪ ਵੀ ਹੋਵੇਗਾ ਜੋ ਬੱਚਿਆਂ ਨੂੰ ਰਾਜਯੋਗ ਸਿਖਾਉਂਦੇ ਹਨ। ਤੁਸੀਂ ਸਭ ਨੂੰ ਜਗਾਉਂਦੇ ਰਹਿੰਦੇ ਹੋ। ਜੋ

ਬਹੁਤਿਆਂ ਨੂੰ ਜਗਾਉਣਗੇ ਉਹ ਉੱਚ ਪਦਵੀ ਪਾਉਣਗੇ। ਪੁਰਸ਼ਾਰਥ ਕਰਨਾ ਹੈ। ਸਭ ਇੱਕ ਵਰਗੇ ਪੁਰਸ਼ਾਰਥੀ ਹੋ ਨਾ ਸਕਣ। ਸਕੂਲ ਬੜਾ ਭਾਰੀ ਹੈ। ਇਹ ਹੈ ਵਰਲਡ ਦੀ ਯੂਨੀਵਰਸਿਟੀ। ਸਾਰੀ ਵਰਲਡ ਨੂੰ ਸੁੱਖਧਾਮ ਅਤੇ ਸ਼ਾਂਤੀਧਾਮ ਬਣਾਉਣਾ ਹੈ। ਅਜਿਹਾ ਟੀਚਰ ਕਦੀ ਹੁੰਦਾ ਹੈ ਕੀ? ਯੂਨੀਵਰਸ ਸਾਰੀ ਦੁਨੀਆਂ ਨੂੰ ਕਿਹਾ ਜਾਂਦਾ ਹੈ। ਬਾਪ ਹੀ ਸਾਰੀ ਯੂਨੀਵਰਸ ਦੇ ਮਨੁੱਖ ਮਾਤਰ ਨੂੰ ਸਤੋਪ੍ਰਧਾਨ ਬਣਾਉਂਦੇ ਹਨ ਅਰਥਾਤ ਸ੍ਵਰਗ ਬਣਾਉਂਦੇ ਹਨ।

ਭਗਤੀ ਮਾਰਗ ਵਿੱਚ ਜੋ ਵੀ ਤਿਓਹਾਰ ਮਨਾਉਂਦੇ ਹਨ ਉਹ ਸਾਰੇ ਹੁਣ ਸੰਗਮਯੁਗ ਦੇ ਹਨ। ਸਤਿਯੁਗ ਤ੍ਰੇਤਾ ਵਿੱਚ ਕੋਈ ਤਿਓਹਾਰ ਹੁੰਦਾ ਨਹੀਂ ਹੈ। ਉੱਥੇ ਤਾਂ ਪ੍ਰਾਲਬੱਧ ਭੋਗਦੇ ਹਨ। ਤਿਓਹਾਰ ਸਭ ਇੱਥੇ ਮਨਾਉਂਦੇ ਹਨ। ਹੋਲੀ ਅਤੇ ਧੁਰਿਆ ਇਹ ਗਿਆਨ ਦੀਆਂ ਗੱਲਾਂ ਹਨ। ਪਾਸਟ ਜੋ ਹੋਇਆ ਉਸ ਦੇ ਸਭ ਤਿਓਹਾਰ ਮਨਾਉਂਦੇ ਆਏ ਹਨ। ਹੈ ਸਭ ਇਸ ਸਮੇਂ ਦੇ। ਹੋਲੀ ਵੀ ਇਸ ਸਮੇਂ ਦੀ ਹੈ। ਇਸ 100 ਵਰ੍ਹੇ ਦੇ ਅੰਦਰ ਸਭ ਕੰਮ ਹੋ ਜਾਂਦਾ ਹੈ। ਸ੍ਰਿਸ਼ਟੀ ਵੀ ਨਵੀਂ ਬਣ ਜਾਂਦੀ ਹੈ। ਤੁਸੀਂ ਜਾਣਦੇ ਹੋ ਅਸੀਂ ਕਈ ਵਾਰ ਸੁੱਖ ਦਾ ਵਰਸਾ ਲੀਤਾ ਹੈ ਫਿਰ ਗਵਾਇਆ ਹੈ। ਖੁਸ਼ੀ ਹੁੰਦੀ ਹੈ ਅਸੀਂ ਫਿਰ ਤੋਂ ਬਾਪ ਤੋਂ ਵਰਸਾ ਲੈ ਰਹੇ ਹਾਂ। ਹੋਰਾਂ ਨੂੰ ਵੀ ਰਸਤਾ ਦੱਸਣਾ ਹੈ। ਡਰਾਮਾ ਅਨੁਸਾਰ ਸ੍ਵਰਗ ਦੀ ਸਥਾਪਨਾ ਹੋਣੀ ਹੈ ਜਰੂਰ। ਜਿਵੇਂ ਦਿਨ ਦੇ ਬਾਦ ਰਾਤ, ਰਾਤ ਦੇ ਬਾਦ ਦਿਨ ਹੁੰਦਾ ਹੈ ਉਵੇਂ ਕਲਯੁਗ ਦੇ ਬਾਦ ਸਤਿਯੁਗ ਜਰੂਰ ਹੋਣਾ ਹੈ। ਮਿੱਠੇ - ਮਿੱਠੇ ਬੱਚਿਆਂ ਦੀ ਬੁੱਧੀ ਵਿੱਚ ਖੁਸ਼ੀ ਦਾ ਨਗਾੜਾ ਵੱਜਣਾ ਚਾਹੀਦਾ ਹੈ। ਹੁਣ ਸਮੇਂ ਪੂਰਾ ਹੁੰਦਾ ਹੈ, ਅਸੀਂ ਜਾਂਦੇ ਹਾਂ ਸ਼ਾਂਤੀਧਾਮ। ਇਹ ਅੰਤਿਮ ਜਨਮ ਹੈ। ਕਰਮਭੋਗ ਦੀ ਭੋਗਣਾ ਵੀ ਖੁਸ਼ੀ ਵਿੱਚ ਹਲਕੀ ਹੋ ਜਾਂਦੀ ਹੈ। ਕੁਝ ਭੋਗਣਾ ਤੋਂ, ਕੁਝ ਯੋਗਬਲ ਨਾਲ ਹਿਸਾਬ - ਕਿਤਾਬ ਚੁਕਤੁ ਹੋਣਾ ਹੈ। ਬਾਪ ਬੱਚਿਆਂ ਨੂੰ ਧੀਰਜ ਦਿੰਦੇ ਹਨ, ਤੁਹਾਡੇ ਹਮੇਸ਼ਾ ਸੁੱਖ ਦੇ ਦਿਨ ਆ ਰਹੇ ਹਨ। ਧੰਧਾ ਆਦਿ ਵੀ ਕਰਨਾ ਹੈ। ਸ਼ਰੀਰ ਨਿਰਵਾਹ ਅਰਥ ਪੈਸੇ ਤਾਂ ਚਾਹੀਦੇ ਹੈ ਨਾ। ਬਾਬਾ ਨੇ ਸਮਝਾਇਆ ਹੈ ਧੰਧੇ ਵਾਲੇ ਲੋਕ ਧਰਮਾਊ ਨਿਕਾਲਦੇ ਹਨ। ਸਮਝਦੇ ਹਨ ਜਾਸਤੀ ਧਨ ਇਕੱਠਾ ਹੋਵੇਗਾ ਤਾਂ ਬਹੁਤ ਦਾਨ ਕਰਾਂਗੇ। ਇੱਥੇ ਵੀ ਬਾਪ ਸਮਝਾਉਂਦੇ ਹਨ ਕੋਈ ਦੋ ਪੈਸੇ ਵੀ ਦਿੰਦੇ ਹਨ ਤਾਂ ਉਨ੍ਹਾਂ ਨੂੰ ਰਿਟਰਨ ਵਿੱਚ 21 ਜਨਮਾਂ ਦੇ ਲਈ ਬਹੁਤ ਮਿਲ ਜਾਂਦਾ ਹੈ। ਅੱਗੇ ਜੋ ਤੁਸੀਂ ਦਾਨ - ਪੁੰਨ ਕਰਦੇ ਸੀ ਉਸ ਦਾ ਰਿਟਰਨ ਦੂਜੇ ਜਨਮ ਵਿੱਚ ਮਿਲਦਾ ਸੀ। ਹੁਣ ਤਾਂ 21 ਜਨਮਾਂ ਦੇ ਲਈ ਇਵਜ ਮਿਲਦਾ ਹੈ। ਅੱਗੇ ਸਾਧੂ - ਸੰਤ ਆਦਿ ਨੂੰ ਦਿੰਦੇ ਸੀ। ਹੁਣ ਤਾਂ ਤੁਸੀਂ ਜਾਣਦੇ ਹੋ ਇਹ ਸਭ ਖਤਮ ਹੋ ਜਾਣਾ ਹੈ। ਹੁਣ ਮੈਂ ਸਮੁੱਖ ਆਇਆ ਹਾਂ ਤਾਂ ਇਸ ਕੰਮ ਵਿੱਚ ਲਗਾਓ। ਤਾਂ ਤੁਹਾਨੂੰ 21 ਜਨਮਾਂ ਦੇ ਲਈ ਵਰਸਾ ਮਿਲ ਜਾਵੇਗਾ।ਅੱਗੇ ਤੁਸੀਂ ਇੰਡਾਇਰੈਕਟ ਦਿੰਦੇ ਸੀ, ਇਹ ਹੈ ਡਾਇਰੈਕਟ। ਬਾਕੀ ਤਾਂ ਤੁਹਾਡਾ ਸਭ ਖਤਮ ਹੋ ਜਾਵੇਗਾ। ਬਾਬਾ ਕਹਿੰਦੇ ਰਹਿੰਦੇ ਹਨ - ਪੈਸੇ ਹਨ ਤਾਂ ਸੈਂਟਰ ਖੋਲਦੇ ਜਾਓ। ਅੱਖਰ ਲਿਖ ਦੋ - ਸੱਚੀ ਗੀਤਾ ਪਾਠਸ਼ਾਲਾ। ਭਗਵਾਨੁਵਾਚ ਮਾਮੇਕਮ ਯਾਦ ਕਰੋ ਅਤੇ ਵਰਸੇ ਨੂੰ ਯਾਦ ਕਰੋ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਬਾਪ ਸਮਾਨ ਮਹਿਮਾ ਯੋਗ ਬਣਨ ਦੇ ਲਈ ਫਾਲੋ ਫਾਦਰ ਕਰਨਾ ਹੈ।

2. ਇਹ ਅੰਤਿਮ ਜਨਮ ਹੈ, ਹੁਣ ਘਰ ਜਾਣਾ ਹੈ ਇਸਲਈ ਖੁਸ਼ੀ ਵਿੱਚ ਅੰਦਰ ਹੀ ਅੰਦਰ ਨਗਾੜੇ ਵੱਜਦੇ ਰਹਿਣ। ਕਰਮਭੋਗ ਨੂੰ ਕਰਮਯੋਗ ਨਾਲ ਮਤਲਬ ਬਾਪ ਦੀ ਯਾਦ ਨਾਲ ਖੁਸ਼ੀ - ਖੁਸ਼ੀ ਚੁਕਤੂ ਕਰਨਾ ਹੈ।

ਵਰਦਾਨ:- ਬਾਲਕ ਸੋ ਮਾਲਿਕਪਨ ਦੀ ਸਮ੍ਰਿਤੀ ਨਾਲ ਸਰਵ ਖਜਾਨਿਆਂ ਦੇ ਅਧਿਕਾਰੀ , ਪ੍ਰਾਪਤੀ ਸੰਪੰਨ ਭਵ

ਅਸੀਂ ਬਾਪ ਦੇ ਸਰਵ ਖਜਾਨਿਆਂ ਦੇ ਬਾਲਕ ਸੋ ਮਾਲਿਕ ਹਾਂ, ਨੈਚੁਰਲ ਯੋਗੀ, ਨੈਚੁਰਲ ਸਵਰਾਜ ਅਧਿਕਾਰੀ ਹਾਂ। ਇਸ ਸਮ੍ਰਿਤੀ ਨਾਲ ਸਰਵ ਪ੍ਰਾਪਤੀ ਸੰਪੰਨ ਬਣੋ। ਇਹ ਹੀ ਗੀਤ ਸਦਾ ਗਾਉਂਦੇ ਰਹੋ ਕਿ " ਪਾਉਣਾ ਸੀ ਸੋ ਪਾ ਲਿਆ।' ਖਾਇਆ - ਪਿਆ, ਖੋਇਆ - ਪਾਇਆ ਇਹ ਖੇਲ ਨਹੀਂ ਕਰੋ। ਪਾ ਰਿਹਾ ਹਾਂ, ਪਾ ਰਿਹਾ ਹਾਂ - ਇਹ ਅਧਿਕਾਰੀ ਦਾ ਬੋਲ ਨਹੀਂ। ਜੋ ਸੰਪੰਨ ਬਪ ਦੇ ਬਾਲਕ, ਸਾਗਰ ਦੇ ਬੱਚੇ ਹਨ ਉਹ ਨੌਕਰ ਦੇ ਸਮਾਨ ਮੇਹਨਤ ਕਰ ਨਹੀਂ ਸਕਦੇ।

ਸਲੋਗਨ:- ਯੋਗਬਲ ਦ੍ਵਾਰਾ ਕਰਮਭੋਗ ਤੇ ਵਿਜੇ ਪ੍ਰਾਪਤ ਕਰਨਾ - ਇਹ ਸ੍ਰੇਸ਼ਠ ਪੁਰਸ਼ਾਰਥ ਹੈ।

******

ਇਹ ਅਵਿਅਕਤ ਇਸ਼ਾਰੇ - "ਨਿਸ਼ਚੇ ਦੇ ਫਾਉਂਡੇਸ਼ਨ ਨੂੰ ਮਜ਼ਬੂਤ ਕਰ ਸਦਾ ਨਿਰਭੈ ਅਤੇ ਨਿਸ਼ਚਿੰਤ ਰਹੋ"

ਸਭ ਤੋਂ ਪਹਿਲੇ ਖੁਦ ਵਿੱਚ ਪੂਰਾ ਫੇਥ ( ਵਿਸ਼ਵਾਸ਼) ਚਾਹੀਦਾ ਫਿਰ ਬਾਪ-ਦਾਦਾ ਅਤੇ ਸਰਵ ਪਰਿਵਾਰ ਦੀਆਂ ਆਤਮਾਵਾਂ ਵਿੱਚ ਫੇਥਫੁੱਲ ਹੋਣਾ ਪੈਂਦਾ ਹੈ। ਜਿਨਾਂ ਫੇਥਫੁੱਲ ਬਣਕੇ, ਨਿਸ਼ਚੇਬੁੱਧੀ ਹੋਕੇ ਕੋਈ ਕਰਤਵ ਕਰੋਗੇ ਤਾਂ ਫੇਥਫੁੱਲ ਹੋਣ ਨਾਲ ਸਕਸੇਸਫੁੱਲ ਹੋ ਹੀ ਜਾਣਗੇ। ਫੇਥਫੁੱਲ ਹੋਣ ਨਾਲ ਹਰ ਕਰਤਵਿਆ, ਹਰ ਸੰਕਲਪ, ਹਰ ਬੋਲ ਪਾਵਰਫੁੱਲ ਹੋਵੇਗਾ।